ਮਿੱਠੇ ਬੱਚੇ:- ਤੁਸੀਂ ਹੁਣ ਰੂਹਾਨੀ ਬਾਪ ਦੁਆਰਾ ਰੂਹਾਨੀ ਡਰਿਲ ਸਿੱਖ ਰਹੇ ਹੋ , ਇਸੇ ਡਰਿਲ ਨਾਲ ਤੁਸੀਂ ਮੁਕਤੀਧਾਮ ਸ਼ਾਂਤੀਧਾਮ ਵਿੱਚ ਚਲੇ ਜਾਵੋਗੇ "

ਪ੍ਰਸ਼ਨ:- ਬਾਪ ਬੱਚਿਆਂ ਨੂੰ ਪੁਰਸ਼ਾਰਥ ਕਰਾਉਂਦੇ ਰਹਿੰਦੇ ਹਨ ਪਰ ਬੱਚਿਆਂ ਨੂੰ ਕਿਸ ਗੱਲ ਵਿੱਚ ਬਹੁਤ ਸਟ੍ਰਿਕਟ ਰਹਿਣਾ ਚਾਹੀਦਾ ਹੈ?

ਉੱਤਰ:- ਪੁਰਾਣੀ ਦੁਨੀਆਂ ਨੂੰ ਅੱਗ ਲੱਗਣ ਤੋਂ ਪਹਿਲੇ ਤਿਆਰ ਹੋ, ਆਪਣੇ ਨੂੰ ਆਤਮਾ ਸਮਝ ਬਾਪ ਦੀ ਯਾਦ ਵਿੱਚ ਰਹਿ ਬਾਪ ਤੋਂ ਪੂਰਾ - ਪੂਰਾ ਵਰਸਾ ਲੈਣ ਵਿੱਚ ਬਹੁਤ ਸਟ੍ਰਿਕਟ ਰਹਿਣਾ ਹੈ। ਨਾਪਾਸ ਨਹੀਂ ਹੋਣਾ ਹੈ, ਜਿਵੇਂ ਉਹ ਸਟੂਡੈਂਟ ਨਾਪਾਸ ਹੁੰਦੇ ਹਨ ਤਾਂ ਪਛਤਾਉਂਦੇ ਹਨ, ਸਮਝਦੇ ਹਨ ਸਾਡਾ ਵਰ੍ਹਾ ਮੁਫ਼ਤ ਵਿੱਚ ਚਲਾ ਗਿਆ। ਕਈ ਤਾਂ ਕਹਿੰਦੇ ਹਨ ਨਹੀਂ ਪੜ੍ਹਿਆ ਤਾਂ ਕੀ ਹੋਇਆ - ਪਰ ਤੁਹਾਨੂੰ ਬਹੁਤ ਸਟ੍ਰਿਕਟ ਰਹਿਣਾ ਹੈ। ਟੀਚਰ ਇਵੇਂ ਨਾ ਕਹਿਣ ਕਿ ਟੂ ਲੇਟ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਰੂਹਾਨੀ ਪਾਠਸ਼ਾਲਾ ਵਿੱਚ ਡਾਇਰੈਕਸ਼ਨ ਦਿੰਦੇ ਹਨ ਜਾਂ ਇਵੇਂ ਕਹਿਣ ਕਿ ਬੱਚਿਆਂ ਨੂੰ ਡਰਿਲ ਸਿਖਾਉਂਦੇ ਹਾਂ। ਜਿਵੇਂ ਟੀਚਰਜ਼ ਡਾਇਰੈਕਸ਼ਨ ਦਿੰਦੇ ਹਨ ਜਾਂ ਡਰਿਲ ਸਿਖਾਉਂਦੇ ਹਨ ਨਾ। ਇਹ ਰੂਹਾਨੀ ਬਾਪ ਵੀ ਬੱਚਿਆਂ ਨੂੰ ਡਾਇਰੈਕਟ ਕਹਿੰਦੇ ਹਨ। ਕੀ ਕਹਿੰਦੇ ਹਨ? ਮਨਮਨਾਭਵ। ਜਿਵੇਂ ਉਹ ਕਹਿੰਦੇ ਹਨ - ਅਟੈਂਸ਼ਨ ਪਲੀਜ਼। ਬਾਪ ਕਹਿੰਦੇ ਹਨ ਮਨਮਨਾਭਵ। ਇਹ ਜਿਵੇਂ ਹਰ ਇੱਕ ਆਪਣੇ ਉੱਪਰ ਮੇਹਰ ਕਰਦੇ ਹਨ। ਬਾਪ ਕਹਿੰਦੇ ਹਨ ਬੱਚੇ ਮਾਮੇਕਮ ਯਾਦ ਕਰੋ, ਅਸ਼ਰੀਰੀ ਬਣ ਜਾਓ। ਇਹ ਰੂਹਾਨੀ ਡਰਿਲ ਰੂਹਾਂ ਨੂੰ ਰੂਹਾਨੀ ਬਾਪ ਹੀ ਸਿਖਾਉਂਦੇ ਹਨ। ਉਹ ਹੈ ਸੁਪ੍ਰੀਮ ਟੀਚਰ। ਤੁਸੀਂ ਹੋ ਨਾਇਬ ਟੀਚਰ। ਤੁਸੀਂ ਵੀ ਸਭ ਨੂੰ ਕਹਿੰਦੇ ਹੋ ਆਪਣੇ ਨੂੰ ਆਤਮਾ ਸਮਝੋ, ਬਾਪ ਨੂੰ ਯਾਦ ਕਰੋ, ਦੇਹੀ - ਅਭਿਮਾਨੀ ਭਵ। ਮਨਮਨਾਭਵ ਦਾ ਅਰਥ ਵੀ ਇਹ ਹੈ। ਡਾਇਰੈਕਸ਼ਨ ਦਿੰਦੇ ਹਨ ਬੱਚਿਆਂ ਦੇ ਕਲਿਆਣ ਦੇ ਲਈ। ਆਪ ਤੇ ਕਿਸੇ ਤੋਂ ਸਿੱਖਿਆ ਨਹੀਂ। ਹੋਰ ਤਾਂ ਸਭ ਟੀਚਰਸ ਆਪ ਸਿਖਕੇ ਫਿਰ ਸਿਖਾਉਂਦੇ ਹਨ। ਇਹ ਤਾਂ ਕਿਧਰੇ ਸਕੂਲ ਆਦਿ ਵਿੱਚ ਪੜ੍ਹਕੇ ਸਿੱਖਿਆ ਨਹੀਂ ਹੈ। ਇਹ ਸਿਰਫ ਸਿਖਾਉਂਦੇ ਹੀ ਹਨ। ਕਹਿੰਦੇ ਹਨ ਮੈਂ ਤੁਸੀਂ ਰੂਹਾਂ ਨੂੰ ਰੂਹਾਨੀ ਡਰਿਲ ਸਿਖਾਉਂਦਾ ਹਾਂ। ਉਹ ਸਭ ਜਿਸਮਾਨੀ ਬੱਚਿਆਂ ਨੂੰ ਜਿਸਮਾਨੀ ਡਰਿਲ ਸਿਖਾਉਂਦੇ ਹਨ। ਉਨ੍ਹਾਂ ਨੂੰ ਡਰਿਲ ਆਦਿ ਵੀ ਸ਼ਰੀਰ ਨਾਲ ਹੀ ਕਰਨੀ ਹੁੰਦੀ ਹੈ। ਇਸ ਵਿੱਚ ਤਾਂ ਸ਼ਰੀਰ ਦੀ ਕੋਈ ਗੱਲ ਹੀ ਨਹੀਂ। ਬਾਪ ਕਹਿੰਦੇ ਹਨ ਮੇਰਾ ਕੋਈ ਸ਼ਰੀਰ ਨਹੀਂ ਹੈ। ਮੈ ਤਾਂ ਡਰਿਲ ਸਿਖਾਉਂਦਾ ਹਾਂ, ਡਾਇਰੈਕਸ਼ਨ ਦਿੰਦਾ ਹਾਂ। ਉਨ੍ਹਾਂ ਵਿੱਚ ਡਰਿਲ ਸਿਖਾਉਣ ਦਾ ਡਰਾਮਾ ਪਲਾਨ ਅਨੁਸਾਰ ਪਾਰ੍ਟ ਭਰਿਆ ਹੋਇਆ ਹੈ। ਸਰਵਿਸ ਭਰੀ ਹੋਈ ਹੈ। ਆਉਂਦੇ ਹੀ ਹਨ ਡਰਿਲ ਸਿਖਾਉਣ। ਤੁਹਾਨੂੰ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੈ। ਇਹ ਤਾਂ ਬਹੁਤ ਸਹਿਜ ਹੈ। ਸੀੜੀ ਬੁੱਧੀ ਵਿੱਚ ਹੈ। ਕਿਵੇਂ 84 ਦਾ ਚੱਕਰ ਲਗਾਏ ਹੇਠਾਂ ਉਤਰੇ ਹਨ। ਹੁਣ ਬਾਪ ਕਹਿੰਦੇ ਹਨ ਤੁਹਾਨੂੰ ਵਾਪਿਸ ਜਾਣਾ ਹੈ। ਇਵੇਂ ਹੋਰ ਕੋਈ ਵੀ ਆਪਣੇ ਫ਼ਾਲੋਅਰਸ ਨੂੰ ਜਾਂ ਸਟੂਡੈਂਟ ਨੂੰ ਨਹੀਂ ਕਹਿਣਗੇ ਕਿ ਹੇ ਰੂਹਾਨੀ ਬੱਚਿਓ ਹੁਣ ਵਾਪਿਸ ਜਾਣਾ ਹੈ। ਸਿਵਾਏ ਰੂਹਾਨੀ ਬਾਪ ਦੇ ਕੋਈ ਸਮਝਾ ਨਾ ਸਕੇ। ਬੱਚੇ ਸਮਝਦੇ ਹਨ ਹੁਣ ਸਾਨੂੰ ਵਾਪਿਸ ਜਾਣਾ ਹੈ। ਇਹ ਦੁਨੀਆਂ ਹੀ ਹੁਣ ਤਮੋਪ੍ਰਧਾਨ ਹੈ। ਅਸੀਂ ਸਤੋਪ੍ਰਧਾਨ ਦੁਨੀਆਂ ਦੇ ਮਾਲਿਕ ਸੀ ਫਿਰ 84 ਦਾ ਚੱਕਰ ਲਗਾਏ ਤਮੋਪ੍ਰਧਾਨ ਦੁਨੀਆਂ ਦੇ ਮਾਲਿਕ ਬਣੇ ਹਾਂ। ਇੱਥੇ ਦੁੱਖ ਹੀ ਦੁੱਖ ਹੈ। ਬਾਪ ਨੂੰ ਕਹਿੰਦੇ ਹਨ ਦੁੱਖ ਹਰਤਾ ਸੁਖ ਕਰਤਾ ਅਰਥਾਤ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਾਉਣ ਵਾਲਾ ਇੱਕ ਹੀ ਬਾਪ ਹੈ। ਤੁਸੀਂ ਬੱਚੇ ਸਮਝਦੇ ਹੋ ਅਸੀਂ ਬਹੁਤ ਸੁਖ ਵੇਖੇ ਹਨ। ਕਿਵੇਂ ਰਜਾਈ ਕੀਤੀ, ਉਹ ਯਾਦ ਨਹੀਂ ਹੈ ਪਰ ਏਮ ਆਬਜੈਕਟ ਸਾਹਮਣੇ ਹੈ। ਉਹ ਹੈ ਹੀ ਫੁੱਲਾਂ ਦਾ ਬਗੀਚਾ। ਹੁਣ ਅਸੀਂ ਕੰਡੇ ਤੋਂ ਫੁਲ ਬਣ ਰਹੇ ਹਾਂ।

ਤੁਸੀਂ ਇਵੇਂ ਨਹੀਂ ਕਹੋਗੇ ਕਿ ਕਿਵੇਂ ਨਿਸ਼ਚਾ ਕਰੀਏ। ਜੇ ਸੰਸ਼ੇ ਹੈ ਤਾਂ ਵਿੰਸ਼ਨਤੀ। ਸਕੂਲ ਵਿਚੋਂ ਪੈਰ ਚੁੱਕਿਆ ਤਾਂ ਪੜ੍ਹਾਈ ਬੰਦ ਹੋ ਜਾਏਗੀ। ਪਦਵੀ ਵੀ ਵੰਸ਼ਨਤੀ ਹੋ ਜਾਏਗੀ। ਬਹੁਤ ਘਾਟਾ ਪੈ ਜਾਂਦਾ ਹੈ। ਪਰਜਾ ਵਿੱਚ ਵੀ ਘੱਟ ਪਦਵੀ ਹੋ ਜਾਵੇਗੀ। ਮੂਲ ਗੱਲ ਹੀ ਹੈ ਸਤੋਪ੍ਰਧਾਨ ਪੂਜਯ ਦੇਵੀ - ਦੇਵਤਾ ਬਣਨਾ ਹੈ। ਹੁਣ ਤਾਂ ਦੇਵਤਾ ਨਹੀਂ ਹੋ ਨਾ। ਤੁਸੀਂ ਬ੍ਰਾਹਮਣਾਂ ਨੂੰ ਸਮਝ ਆਈ ਹੈ। ਬ੍ਰਾਹਮਣ ਹੀ ਆਕੇ ਬਾਪ ਤੋਂ ਇਹ ਡਰਿਲ ਸਿੱਖਦੇ ਹਨ। ਅੰਦਰ ਵਿੱਚ ਖੁਸ਼ੀ ਵੀ ਹੁੰਦੀ ਹੈ। ਇਹ ਪੜ੍ਹਾਈ ਚੰਗੀ ਲੱਗਦੀ ਹੈ ਨਾ। ਭਗਵਾਨੁਵਾਚ ਹੈ, ਭਾਵੇਂ ਉਨ੍ਹਾਂ ਨੇ ਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ ਪਰ ਤੁਸੀਂ ਸਮਝਦੇ ਹੋ ਕ੍ਰਿਸ਼ਨ ਨੇ ਇਹ ਡਰਿਲ ਸਿਖਾਈ ਨਹੀਂ ਹੈ, ਇਹ ਤਾਂ ਬਾਪ ਸਿਖਾਉਂਦੇ ਹਨ। ਕ੍ਰਿਸ਼ਨ ਦੀ ਆਤਮਾ ਜੋ ਵੱਖ ਨਾਮ - ਰੂਪ ਧਾਰਨ ਕਰਦੇ ਤਮੋਪ੍ਰਧਾਨ ਬਣੀ ਹੈ, ਉਨ੍ਹਾਂ ਨੂੰ ਵੀ ਸਿਖਾਉਂਦੇ ਹਨ। ਆਪ ਸਿੱਖਦੇ ਨਹੀਂ, ਹੋਰ ਸਭ ਕਿਸੇ ਨਾ ਕਿਸੇ ਤੋਂ ਸਿੱਖਦੇ ਜਰੂਰ ਹਨ। ਇਹ ਹੈ ਹੀ ਸਿਖਾਉਣ ਵਾਲਾ ਰੂਹਾਨੀ ਬਾਪ। ਤੁਹਾਨੂੰ ਸਿਖਾਉਂਦੇ ਹਨ, ਤੁਸੀਂ ਫਿਰ ਹੋਰਾਂ ਨੂੰ ਸਿਖਾਉਂਦੇ ਹੋ। ਤੁਸੀਂ 84 ਜਨਮ ਲੈ ਪਤਿਤ ਬਣੇ ਹੋ, ਹੁਣ ਫਿਰ ਪਾਵਨ ਬਣਨਾ ਹੈ। ਉਸ ਦੇ ਲਈ ਰੂਹਾਨੀ ਬਾਪ ਨੂੰ ਯਾਦ ਕਰੋ। ਭਗਤੀ ਮਾਰਗ ਵਿੱਚ ਤੁਸੀਂ ਗਾਉਂਦੇ ਆਏ ਹੋ ਹੇ ਪਤਿਤ - ਪਾਵਨ - ਹੁਣ ਵੀ ਤੁਸੀਂ ਕਿੱਧਰੇ ਵੀ ਜਾਕੇ ਵੇਖੋ। ਤੁਸੀਂ ਰਾਜਰੀਸ਼ੀ ਹੋ ਨਾ। ਕਿੱਧਰੇ ਵੀ ਘੁੰਮ ਫਿਰ ਸਕਦੇ ਹੋ। ਤੁਹਾਨੂੰ ਕੋਈ ਬੰਧਨ ਨਹੀਂ ਹੈ। ਤੁਸੀਂ ਬੱਚਿਆਂ ਨੂੰ ਇਹ ਨਿਸ਼ਚਾ ਹੈ - ਬੇਹੱਦ ਦਾ ਬਾਪ ਸਰਵਿਸ ਵਿੱਚ ਆਏ ਹਨ। ਬਾਪ ਬੱਚਿਆਂ ਤੋਂ ਪੜ੍ਹਾਈ ਦਾ ਉਜੂਰਾ ਕਿਵੇਂ ਲੈਣਗੇ। ਟੀਚਰ ਦੇ ਹੀ ਬੱਚੇ ਹੋਣਗੇ ਤਾਂ ਫ੍ਰੀ ਪੜ੍ਹਾਉਣਗੇ ਨਾ। ਇਹ ਵੀ ਫ੍ਰੀ ਪੜ੍ਹਾਉਂਦੇ ਹਨ। ਇਵੇਂ ਨਾ ਸਮਝੋ ਅਸੀ ਕੁਝ ਦਿੰਦੇ ਹਾਂ। ਇਹ ਫੀਸ ਨਹੀਂ ਹੈ। ਤੁਸੀਂ ਦਿੰਦੇ ਕੁਝ ਨਹੀਂ ਹੋ, ਇਹ ਤਾਂ ਰਿਟਰਨ ਵਿੱਚ ਬਹੁਤ ਲੈਂਦੇ ਹੋ। ਮਨੁੱਖ

ਦਾਨ - ਪੁੰਨ ਕਰਦੇ ਹਨ, ਸਮਝਦੇ ਹਨ ਰਿਟਰਨ ਵਿੱਚ ਸਾਨੂੰ ਮਿਲੇਗਾ ਦੂਜੇ ਜਨਮ ਵਿੱਚ। ਉਹ ਅਲਪਕਾਲ ਸ਼ਨਭੰਗੁਰ ਸੁਖ ਮਿਲਦਾ ਹੈ। ਭਾਵੇਂ ਮਿਲਦਾ ਹੈ ਦੂਜੇ ਜਨਮ ਵਿੱਚ ਪਰ ਉਹ ਹੇਠਾਂ ਉਤਰਨ ਵਾਲੇ ਜਨਮ ਵਿੱਚ ਮਿਲਦਾ ਹੈ। ਸੀੜੀ ਉਤਰਦੇ ਹੀ ਆਉਂਦੇ ਹੋ ਨਾ। ਹੁਣ ਜੋ ਤੁਸੀਂ ਕਰਦੇ ਹੋ ਉਹ ਹੈ ਚੜ੍ਹਦੀ ਕਲਾ ਵਿੱਚ ਜਾਨ ਦੇ ਲਈ। ਕਰਮ ਦਾ ਫਲ ਕਹਿੰਦੇ ਹਨ ਨਾ। ਆਤਮਾ ਨੂੰ ਕਰਮ ਦਾ ਫਲ ਮਿਲਦਾ ਹੈ। ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਵੀ ਕਰਮਾਂ ਦਾ ਹੀ ਫਲ ਮਿਲਿਆ ਹੈ ਨਾ। ਬੇਹੱਦ ਦੇ ਬਾਪ ਤੋਂ ਬੇਹੱਦ ਦਾ ਫਲ ਮਿਲਦਾ ਹੈ। ਉਹ ਮਿਲਦਾ ਹੈ ਇੰਡਰੈਕਟ। ਡਰਾਮਾ ਵਿੱਚ ਨੂੰਧ ਹੈ। ਇਹ ਵੀ ਬਣਾ ਬਣਾਇਆ ਡਰਾਮਾ ਹੈ। ਤੁਸੀਂ ਜਾਣਦੇ ਹੋ ਅਸੀਂ ਕਲਪ ਬਾਦ ਆਕੇ ਬਾਪ ਤੋਂ ਬੇਹੱਦ ਦਾ ਵਰਸਾ ਲਵਾਂਗੇ। ਬਾਪ ਸਾਡੇ ਲਈ ਬੈਠ ਸਕੂਲ ਬਣਾਉਂਦੇ ਹਨ। ਉਹ ਗੌਰਮਿੰਟ ਦੇ ਹਨ ਜਿਸਮਾਨੀ ਸਕੂਲ। ਜੋ ਵੱਖ - ਵੱਖ ਤਰ੍ਹਾਂ ਨਾਲ ਅੱਧਾਕਲਪ ਪੜ੍ਹਦੇ ਆਏ। ਹੁਣ ਬਾਪ 21 ਜਨਮਾਂ ਦੇ ਲਈ ਸਭ ਦੁੱਖ ਦੂਰ ਕਰਨ ਲਈ ਪੜ੍ਹਾਉਂਦੇ ਹਨ। ਉੱਥੇ ਤਾਂ ਹੈ ਰਜਾਈ। ਉਸ ਵਿੱਚ ਨੰਬਰਵਾਰ ਤਾਂ ਆਉਂਦੇ ਹੀ ਹਨ। ਜਿਵੇਂ ਇੱਥੇ ਵੀ ਰਾਜਾ - ਰਾਣੀ, ਵਜੀਰ, ਪਰਜਾ ਆਦਿ ਸਭ ਨੰਬਰਵਾਰ ਹਨ। ਇਹ ਹੈ ਪੁਰਾਣੀ ਦੁਨੀਆਂ ਵਿੱਚ, ਨਵੀਂ ਦੁਨੀਆਂ ਵਿੱਚ ਤਾਂ ਬਹੁਤ ਥੋੜੇ ਹੋਣਗੇ। ਉੱਥੇ ਸੁਖ ਬਹੁਤ ਹੋਵੇਗਾ, ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਰਾਜਾ - ਮਹਾਰਾਜਾ ਹੋਕੇ ਗਏ ਹਨ। ਉਹ ਕਿੰਨੀਆਂ ਖੁਸ਼ੀਆਂ ਮਨਾਉਂਦੇ ਹਨ। ਪਰ ਬਾਪ ਕਹਿੰਦੇ ਹਨ ਉਨ੍ਹਾਂ ਨੂੰ ਤਾਂ ਫਿਰ ਹੇਠਾਂ ਡਿੱਗਣਾ ਹੀ ਹੈ। ਡਿੱਗਦੇ ਤਾਂ ਸਭ ਹਨ ਨਾ। ਦੇਵਤਾਵਾਂ ਦੀ ਵੀ ਅਹਿਸਤੇ - ਅਹਿਸਤੇ ਕਲਾ ਉਤਰਦੀ ਹੈ। ਪਰ ਉੱਥੇ ਰਾਵਣਰਾਜ ਹੀ ਨਹੀਂ ਹੈ ਇਸਲਈ ਸੁਖ ਹੀ ਸੁਖ ਹੈ। ਇੱਥੇ ਹੈ ਰਾਵਣ ਰਾਜ। ਤੁਸੀਂ ਜਿਵੇਂ ਚੜ੍ਹਦੇ ਹੋ ਉਵੇਂ ਡਿੱਗਦੇ ਵੀ ਹੋ। ਆਤਮਾਵਾਂ ਵੀ ਨਾਮ - ਰੂਪ ਧਾਰਨ ਕਰਦੇ - ਕਰਦੇ ਥੱਲੇ ਉਤਰ ਆਈਆਂ ਹਨ। ਡਰਾਮਾ ਪਲਾਨ ਅਨੁਸਾਰ ਕਲਪ ਪਹਿਲੇ ਮੁਅਫਿਕ ਡਿੱਗਕੇ ਤਮੋਪ੍ਰਧਾਨ ਬਣ ਗਏ ਹਨ। ਕਾਮ ਚਿਤਾ ਤੇ ਚੜਨ ਨਾਲ ਹੀ ਦੁੱਖ ਸ਼ੁਰੂ ਹੁੰਦਾ ਹੈ। ਹੁਣ ਹੈ ਅਤਿ ਦੁੱਖ। ਉੱਥੇ ਫਿਰ ਅਤਿ ਸੁਖ ਹੋਵੇਗਾ। ਤੁਸੀਂ ਰਾਜਰਿਸ਼ੀ ਹੋ। ਉਨ੍ਹਾਂ ਦਾ ਹੈ ਹੀ ਹਠਯੋਗ। ਤੁਸੀਂ ਕਿਸੇ ਤੋਂ ਵੀ ਪੁੱਛੋ ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹੋ? ਤਾਂ ਨਹੀਂ ਕਹਿ ਦੇਣਗੇ। ਪੁੱਛਣਗੇ ਉਹ ਜੋ ਜਾਣਦੇ ਹੋਣਗੇ। ਆਪ ਹੀ ਨਹੀਂ ਜਾਣਦਾ ਹੋਵੇ ਤਾਂ ਪੁੱਛ ਕਿਵੇਂ ਸਕਦੇ ਹਨ। ਤੁਸੀਂ ਜਾਣਦੇ ਹੋ ਰਿਸ਼ੀ - ਮੁਨੀ ਆਦਿ ਕੋਈ ਵੀ ਤ੍ਰਿਕਾਲਦਰਸ਼ੀ ਨਹੀਂ ਸੀ। ਬਾਪ ਸਾਨੂੰ ਤ੍ਰਿਕਾਲਦਰਸ਼ੀ ਬਣਾ ਰਹੇ ਹਨ। ਇਹ ਬਾਬਾ ਜੋ ਵਿਸ਼ਵ ਦਾ ਮਾਲਿਕ ਸੀ, ਇਨ੍ਹਾਂ ਨੂੰ ਗਿਆਨ ਨਹੀਂ ਸੀ। ਇਸ ਜਨਮ ਵਿੱਚ ਵੀ 60 ਵਰ੍ਹੇ ਤੱਕ ਗਿਆਨ ਨਹੀਂ ਸੀ। ਜਦੋਂ ਬਾਪ ਆਏ ਹਨ ਤਾਂ ਵੀ ਅਹਿਸਤੇ - ਅਹਿਸਤੇ ਇਹ ਸਭ ਸੁਣਾਉਂਦੇ ਜਾਂਦੇ ਹਨ। ਭਾਵੇਂ ਨਿਸ਼ਚੇਬੁੱਧੀ ਹੋ ਜਾਂਦੇ ਹਨ ਫਿਰ ਵੀ ਮਾਇਆ ਬਹੁਤਿਆਂ ਨੂੰ ਡਿਗਾਉਂਦੀ ਰਹਿੰਦੀ ਹੈ। ਨਾਮ ਨਹੀਂ ਸੁਣਾ ਸਕਦੇ ਹਾਂ, ਨਹੀਂ ਤਾਂ ਨਾਉਮੀਦ ਹੋ ਜਾਣਗੇ। ਸਮਾਚਾਰ ਤਾਂ ਆਉਂਦੇ ਹਨ ਨਾ । ਸੰਗ ਬੁਰਾ ਲੱਗਿਆ, ਨਵੀਂ ਸ਼ਾਦੀ ਕੀਤੇ ਹੋਏ ਦਾ ਸੰਗ ਹੋਇਆ, ਚਲਾਇਮਾਨ ਹੋ ਗਿਆ। ਕਹਿੰਦੇ ਹਨ ਅਸੀਂ ਸ਼ਾਦੀ ਕਰੇ ਬਗੈਰ ਰਹਿ ਨਹੀਂ ਸਕਦੇ। ਅੱਛਾ ਮਹਾਰਥੀ ਰੋਜ਼ ਆਉਣ ਵਾਲਾ, ਇਥੋਂ ਵੀ ਕਈ ਵਾਰ ਹੋਕੇ ਗਿਆ ਹੈ, ਉਸ ਨੂੰ ਮਾਇਆ ਰੂਪੀ ਗ੍ਰਾਹ ਨੇ ਆਕੇ ਫੜ੍ਹਿਆ ਹੈ । ਅਜਿਹੇ ਬਹੁਤ ਕੇਸ ਹੁੰਦੇ ਰਹਿੰਦੇ ਹਨ। ਹਾਲੇ ਸ਼ਾਦੀ ਕੀਤੀ ਨਹੀਂ ਹੈ। ਮਾਇਆ ਮੂੰਹ ਵਿੱਚ ਪਾ ਹੱਪ ਕਰ ਰਹੀ ਹੈ। ਇਸਤਰੀ ਰੂਪੀ ਮਾਇਆ ਖਿੱਚਦੀ ਰਹਿੰਦੀ ਹੈ। ਗ੍ਰਾਹ ( ਮਗਰਮੱਛ ) ਦੇ ਮੂੰਹ ਵਿੱਚ ਆਕੇ ਪਏ ਹਨ, ਫਿਰ ਹੋਲੀ - ਹੋਲੀ ਹੱਪ ਕਰ ਲਵੇਗੀ। ਕਈ ਗਫ਼ਲਤ ਕਰਦੇ ਹਨ ਜਾਂ ਵੇਖਣ ਨਾਲ ਚਲਾਇਮਾਨ ਹੁੰਦੇ ਹਨ। ਸਮਝਦੇ ਹਨ ਅਸੀਂ ਉੱਪਰ ਤੋਂ ਇੱਕਦਮ ਹੇਠਾਂ ਖੱਡੇ ਵਿੱਚ ਡਿੱਗ ਜਾਵਾਂ ਗਾ। ਕਹਿਣਗੇ ਬੱਚਾ ਬਹੁਤ ਚੰਗਾ ਸੀ। ਹੁਣ ਵਿਚਾਰਾ ਗਿਆ। ਸਗਾਈ ਹੋਈ ਇਹ ਮਰਿਆ। ਬਾਪ ਤਾਂ ਬੱਚਿਆਂ ਨੂੰ ਹਮੇਸ਼ਾ ਲਿਖਦੇ ਹਨ ਜੀਉਂਦੇ ਰਹੋ। ਕਿਧਰੇ ਮਾਇਆ ਦਾ ਵਾਰ ਜ਼ੋਰ ਨਾਲ ਨਾ ਲਗ ਜਾਵੇ। ਸ਼ਾਸਤਰਾਂ ਵਿੱਚ ਵੀ ਇਹ ਗੱਲਾਂ ਕੁਝ ਹੈ ਨਾ। ਹੁਣ ਦੀਆਂ ਇਹ ਗੱਲਾਂ ਬਾਦ ਵਿੱਚ ਗਾਈਆਂ ਜਾਣਗੀਆਂ। ਤਾਂ ਤੁਸੀਂ ਪੁਰਸ਼ਾਰਥ ਕਰਾਉਂਦੇ ਹੋ। ਇਵੇਂ ਨਾ ਹੋਵੇ ਕਿਤੇ ਮਾਇਆ ਰੂਪੀ ਗ੍ਰਹਿ ਹਪ ਕਰ ਲਵੇ। ਕਿਸਮ - ਕਿਸਮ ਨਾਲ ਮਾਇਆ ਫੜ੍ਹਦੀ ਹੈ। ਮੂਲ ਹੈ ਕਾਮ ਮਹਾਸ਼ਤ੍ਰੂ, ਇਸ ਤੋਂ ਬੜੀ ਸੰਭਾਲ ਕਰਨੀ ਹੈ। ਪਤਿਤ ਦੁਨੀਆਂ ਸੋ ਪਾਵਨ ਦੁਨੀਆਂ ਕਿਵੇਂ ਬਣ ਰਹੀ ਹੈ, ਤੁਸੀਂ ਵੇਖ ਰਹੇ ਹੋ। ਮੂੰਝਣ ਦੀ ਗੱਲ ਹੀ ਨਹੀਂ। ਸਿਰਫ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ। ਬਾਪ ਹੀ ਪਤਿਤ - ਪਾਵਨ ਹੈ। ਇਹ ਹੈ ਯੋਗਬਲ। ਭਾਰਤ ਦਾ ਪ੍ਰਾਚੀਨ ਰਾਜਯੋਗ ਬਹੁਤ ਮਸ਼ਹੂਰ ਹੈ। ਸਮਝਦੇ ਹਨ ਕ੍ਰਾਈਸਟ ਤੋਂ 3 ਹਜ਼ਾਰ ਵਰ੍ਹੇ ਪਹਿਲੇ ਪੈਰਾਡਾਇਜ਼ ਸੀ। ਤਾਂ ਜਰੂਰ ਹੋਰ ਕੋਈ ਧਰਮ ਨਹੀਂ ਹੋਵੇਗਾ। ਕਿੰਨੀ ਸਹਿਜ ਗੱਲ ਹੈ। ਪਰ ਸਮਝਦੇ ਨਹੀਂ। ਹੁਣ ਤੁਸੀਂ ਸਮਝਦੇ ਹੋ ਉਹ ਰਾਜ ਫਿਰ ਤੋਂ ਸਥਾਪਨ ਕਰਨ ਦੇ ਲਈ ਬਾਪ ਆਇਆ ਹੈ। 5 ਹਜ਼ਾਰ ਵਰ੍ਹੇ ਪਹਿਲੇ ਵੀ ਸ਼ਿਵਬਾਬਾ ਆਇਆ ਸੀ। ਜਰੂਰ ਇਹ ਹੀ ਗਿਆਨ ਦਿੱਤਾ ਹੋਵੇਗਾ, ਜਿਵੇਂ ਹੁਣ ਦੇ ਰਹੇ ਹਨ। ਬਾਪ ਆਪ ਕਹਿੰਦੇ ਹਨ ਮੈਂ ਕਲਪ - ਕਲਪ ਸੰਗਮ ਤੇ ਸਾਧਾਰਨ ਤਨ ਵਿੱਚ ਆਕੇ ਰਾਜਯੋਗ ਸਿਖਾਉਂਦਾ ਹਾਂ। ਤੁਸੀਂ ਰਾਜਰੀਸ਼ੀ ਹੋ। ਪਹਿਲੇ ਨਹੀਂ ਸੀ। ਬਾਬਾ ਆਇਆ ਹੈ ਉਦੋਂ ਤੋਂ ਬਾਬਾ ਦੇ ਕੋਲ ਰਹੇ ਹੋ। ਪੜ੍ਹਦੇ ਵੀ ਹੋ, ਸਰਵਿਸ ਵੀ ਕਰਦੇ ਹੋ - ਸਥੂਲ ਸਰਵਿਸ ਅਤੇ ਸੂਕ੍ਸ਼ਮ ਸਰਵਿਸ। ਭਗਤੀ ਮਾਰਗ ਵਿੱਚ ਵੀ ਸਰਵਿਸ ਕਰਦੇ ਹਨ ਫਿਰ ਘਰਬਾਰ ਵੀ ਸੰਭਾਲਦੇ ਹਨ। ਬਾਪ ਕਹਿੰਦੇ ਹਨ ਹੁਣ ਭਗਤੀ ਪੂਰੀ ਹੋਈ, ਗਿਆਨ ਸ਼ੁਰੂ ਹੁੰਦਾ ਹੈ। ਮੈ ਆਉਂਦਾ ਹਾਂ, ਗਿਆਨ ਨਾਲ ਸਦਗਤੀ ਦੇਣ। ਤੁਹਾਡੀ ਬੁੱਧੀ ਵਿੱਚ ਹੈ ਸਾਨੂੰ ਬਾਬਾ ਪਾਵਨ ਬਣਾ ਰਹੇ ਹਨ। ਬਾਪ ਕਹਿੰਦੇ ਹਨ - ਡਰਾਮਾ ਅਨੁਸਾਰ ਤੁਹਾਨੂੰ ਰਸਤਾ ਦੱਸਣ ਆਇਆ ਹਾਂ। ਟੀਚਰ ਪੜ੍ਹਾਉਂਦੇ ਹਨ, ਏਮ ਆਬਜੈਕਟ ਸਾਹਮਣੇ ਹੈ। ਇਹ ਹੈ ਉੱਚ ਤੇ ਉੱਚ ਪੜ੍ਹਾਈ। ਜਿਵੇਂ ਕਲਪ ਪਹਿਲੇ ਵੀ ਸਮਝਾਇਆ ਸੀ, ਉਹ ਹੀ ਸਮਝਾਉਂਦੇ ਰਹਿੰਦੇ ਹਨ। ਡਰਾਮਾ ਦੀ ਟਿੱਕ - ਟਿੱਕ ਚਲਦੀ ਰਹਿੰਦੀ ਹੈ। ਸੈਕਿੰਡ ਬਾਈ ਸੈਕਿੰਡ ਜੋ ਬੀਤਿਆ ਸੋ ਫਿਰ 5 ਹਜ਼ਾਰ ਵਰ੍ਹੇ ਬਾਦ ਰਿਪੀਟ ਹੋਵੇਗਾ। ਦਿਨ ਲੰਘਦੇ ਜਾਂਦੇ ਹਨ। ਇਹ ਖ਼ਿਆਲ ਹੋਰ ਕਿਸੇ ਦੀ ਬੁੱਧੀ ਵਿੱਚ ਨਹੀਂ ਹੈ। ਸਤਿਯੁਗ, ਤ੍ਰੇਤਾ, ਦਵਾਪਰ, ਕਲਯੁਗ ਬੀਤ ਗਿਆ ਉਹ ਰਪੀਟ ਹੋਵੇਗਾ। ਬੀਤਿਆ ਵੀ ਉਹ ਹੀ ਜੋ ਕਲਪ ਪਹਿਲੇ ਬੀਤਿਆ ਸੀ। ਬਾਕੀ ਥੋੜੇ ਦਿਨ ਹਨ। ਉਹ ਲੱਖਾਂ ਵਰ੍ਹੇ ਕਹਿ ਦਿੰਦੇ ਹਨ, ਉਨ੍ਹਾਂ ਦੀ ਭੇਂਟ ਵਿੱਚ ਤੁਸੀਂ ਕਹੋਗੇ ਬਾਕੀ ਕੁਝ ਘੰਟੇ ਹਨ। ਇਹ ਵੀ ਡਰਾਮਾ ਵਿੱਚ ਨੂੰਧ ਹੈ। ਜਦੋਂ ਅੱਗ ਲਗ ਜਾਏਗੀ ਤਾਂ ਜਾਗਣਗੇ। ਫਿਰ ਤਾਂ ਟੂਲੇਟ ਹੋ ਜਾਂਦੇ ਹਨ। ਤਾਂ ਬਾਪ ਪੁਰਸ਼ਾਰਥ ਕਰਾਉਂਦੇ ਰਹਿੰਦੇ ਹਨ। ਤਿਆਰ ਹੋ ਬੈਠੋ। ਟੀਚਰ ਨੂੰ ਇਵੇਂ ਨਾ ਕਹਿਣਾ ਪਵੇ ਕਿ ਟੂਲੇਟ, ਨਾਪਾਸ ਹੋਣ ਵਾਲੇ ਬਹੁਤ ਪਛਤਾਉਂਦੇ ਹਨ। ਸਮਝਦੇ ਹਨ ਸਾਡਾ

ਵਰ੍ਹਾ ਮੁਫ਼ਤ ਵਿੱਚ ਚਲਾ ਜਾਏਗਾ। ਕੋਈ ਤਾਂ ਕਹਿੰਦੇ ਹਨ ਨਾ ਪੜ੍ਹਿਆ ਤਾਂ ਕੀ ਹੋਇਆ! ਤੁਸੀਂ ਬੱਚਿਆਂ ਨੂੰ ਸਟ੍ਰਿਕਟ ਰਹਿਣਾ ਚਾਹੀਦਾ ਹੈ। ਅਸੀਂ ਤਾਂ ਬਾਪ ਤੋਂ ਪੂਰਾ ਵਰਸਾ ਲਵਾਂਗੇ, ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ ਹੈ। ਇਸ ਵਿੱਚ ਕੋਈ ਤਕਲੀਫ ਹੁੰਦੀ ਹੈ ਤਾਂ ਬਾਪ ਤੋਂ ਪੁੱਛ ਸਕਦੇ ਹੋ। ਇਹ ਹੀ ਮੁਖ ਗੱਲ ਹੈ। ਬਾਪ ਨੇ ਅੱਜ ਤੋਂ 5 ਹਜ਼ਾਰ ਵਰ੍ਹੇ ਪਹਿਲੇ ਵੀ ਕਿਹਾ ਸੀ - ਮਾਮੇਕਮ ਯਾਦ ਕਰੋ। ਪਤਿਤ - ਪਾਵਨ ਮੈ ਹਾਂ, ਸਭ ਦਾ ਬਾਪ ਮੈ ਹਾਂ। ਕ੍ਰਿਸ਼ਨ ਤਾਂ ਸਾਰਿਆਂ ਦਾ ਬਾਪ ਨਹੀਂ ਹੈ। ਤੁਸੀਂ ਸ਼ਿਵ ਦੇ, ਕ੍ਰਿਸ਼ਨ ਦੇ ਪੂਜਾਰੀਆਂ ਨੂੰ ਇਹ ਗਿਆਨ ਸੁਣਾ ਸਕਦੇ ਹੋ। ਆਤਮਾ ਪੂਜਯ ਨਹੀਂ ਬਣੀ ਹੋਵੇਗੀ ਤਾਂ ਤੁਸੀਂ ਕਿੰਨਾ ਵੀ ਮੱਥਾ ਮਾਰੋ, ਸਮਝਣਗੇ ਨਹੀਂ। ਹੁਣ ਨਾਸਤਿਕ ਬਣਦੇ ਹਨ। ਸ਼ਾਇਦ ਅੱਗੇ ਚਲ ਆਸਤਿਕ ਬਣ ਜਾਣ। ਸਮਝੋ ਸ਼ਾਦੀ ਕਰਕੇ ਡਿੱਗਦਾ ਹੈ ਤਾਂ ਫਿਰ ਆਕੇ ਗਿਆਨ ਉਠਾਏ। ਪਰ ਵਰਸਾ ਬਹੁਤ ਘੱਟ ਹੋ ਜਾਵੇਗਾ ਕਿਉਂਕਿ ਬੁੱਧੀ ਵਿੱਚ ਦੂਜੇ ਦੀ ਯਾਦ ਆਕੇ ਬੈਠੀ ਹੈ। ਉਹ ਨਿਕਲਣ ਵਿੱਚ ਬੜਾ ਮੁਸ਼ਕਿਲ ਹੁੰਦਾ ਹੈ। ਪਹਿਲੋਂ ਇਸਤਰੀ ਦੀ ਯਾਦ ਫਿਰ ਬੱਚੇ ਦੀ ਯਾਦ ਆਏਗੀ। ਬੱਚੇ ਤੋਂ ਵੀ ਇਸਤਰੀ ਜਾਸਤੀ ਖਿੱਚੇਗੀ ਕਿਉਂਕਿ ਬਹੁਤ ਸਮੇਂ ਦੀ ਯਾਦ ਹੈ ਨਾ। ਬੱਚਾ ਤਾਂ ਪਿੱਛੋਂ ਹੁੰਦਾ ਹੈ ਫਿਰ ਮਿੱਤਰ ਸੰਬੰਧੀ ਸਸੁਰਘਰ ਦੀ ਯਾਦ ਆਉਂਦੀ ਹੈ। ਪਹਿਲੇ ਇਸਤਰੀ ਜਿਸ ਨੇ ਬਹੁਤ ਸਮੇਂ ਸਾਥ ਦਿੱਤਾ ਹੈ, ਇਹ ਵੀ ਇਵੇਂ ਹੈ। ਤੁਸੀਂ ਕਹੋਗੇ ਅਸੀਂ ਦੇਵਤਾਵਾਂ ਦੇ ਨਾਲ ਬਹੁਤ ਸਮੇਂ ਸੀ । ਇਵੇਂ ਤਾਂ ਕਹੋਗੇ ਸ਼ਿਵਬਾਬਾ ਦੇ ਨਾਲ ਬਹੁਤ ਸਮੇਂ ਤੋਂ ਪਿਆਰ ਹੈ। ਜਿਸ ਨੇ 5 ਹਜ਼ਾਰ ਵਰ੍ਹੇ ਪਹਿਲੇ ਵੀ ਸਾਨੂੰ ਪਾਵਨ ਬਣਾਇਆ। ਕਲਪ - ਕਲਪ ਆਕੇ ਸਾਡੀ ਰੱਖਿਆ ਕਰਦੇ ਹਨ ਤੱਦ ਤਾਂ ਉਨ੍ਹਾਂ ਨੂੰ ਦੁੱਖ ਹਰਤਾ, ਸੁਖ ਕਰਤਾ ਕਹਿੰਦੇ ਹਨ। ਤੁਹਾਨੂੰ ਬਹੁਤ ਲਾਈਨ ਕਲਿਯਰ ਬਣਨਾ ਹੈ। ਬਾਪ ਕਹਿੰਦੇ ਹਨ ਇਨ੍ਹਾਂ ਅੱਖਾਂ ਨਾਲ ਜੋ ਤੁਸੀਂ ਵੇਖਦੇ ਹੋ ਉਹ ਤਾਂ ਕਬ੍ਰਦਾਖਿਲ ਜੋ ਜਾਣਾ ਹੈ। ਹੁਣ ਤੁਸੀਂ ਹੋ ਸੰਗਮ ਤੇ। ਅਮਰਲੋਕ ਆਉਣ ਵਾਲਾ ਹੈ। ਹੁਣ ਅਸੀਂ ਪੁਰਸ਼ੋਤਮ ਬਣਨ ਦੇ ਲਈ ਪੁਰਸ਼ਾਰਥ ਕਰ ਰਹੇ ਹਾਂ। ਇਹ ਹੈ ਕਲਿਆਣਕਾਰੀ ਪੁਰਸ਼ੋਤਮ ਸੰਗਮਯੁਗ। ਦੁਨੀਆਂ ਵਿੱਚ ਵੇਖਦੇ ਰਹਿੰਦੇ ਹੋ, ਕੀ - ਕੀ ਹੋ ਰਿਹਾ ਹੈ। ਹੁਣ ਬਾਪ ਆਇਆ ਹੋਇਆ ਹੈ, ਤਾਂ ਪੁਰਾਣੀ ਦੁਨੀਆਂ ਵੀ ਖਤਮ ਹੋਣ ਦੀ ਹੈ। ਅੱਗੇ ਚਲ ਬਹੁਤਿਆਂ ਨੂੰ ਖਿਆਲ ਵਿੱਚ ਆਏਗਾ। ਜਰੂਰ ਕੋਈ ਆਇਆ ਹੋਇਆ ਹੈ ਜੋ ਦੁਨੀਆਂ ਨੂੰ ਚੇਂਜ ਕਰ ਰਹੇ ਹਨ। ਇਹ ਉਹ ਹੀ ਮਹਾਭਾਰਤ ਲੜਾਈ ਹੈ। ਤੁਸੀਂ ਵੀ ਕਿੰਨੇ ਸਮਝਦਾਰ ਬਣੇ ਹੋ। ਇਹ ਬਹੁਤ ਮੰਥਨ ਕਰਨ ਦੀਆਂ ਗੱਲਾਂ ਹਨ। ਆਪਣਾ ਸ਼ਵਾਸ ਵਿਅਰਥ ਨਹੀਂ ਗਵਾਉਣਾ ਹੈ। ਤੁਸੀਂ ਜਾਣਦੇ ਹੋ ਸ਼ਵਾਸ ਸਫਲ ਹੁੰਦੇ ਹਨ ਗਿਆਨ ਨਾਲ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮਾਇਆ ਤੋਂ ਬਚਨ ਦੇ ਲਈ ਸੰਗਦੋਸ਼ ਤੋਂ ਆਪਣੀ ਬਹੁਤ - ਬਹੁਤ ਸੰਭਾਲ ਕਰਨੀ ਹੈ। ਆਪਣੀ ਲਾਈਨ ਕਲੀਅਰ ਰੱਖਣੀ ਹੈ। ਸ਼ਵਾਸ ਵਿਅਰਥ ਨਹੀਂ ਗਵਾਉਣੇ ਹਨ। ਗਿਆਨ ਨਾਲ ਸਫਲ ਕਰਨੇ ਹਨ।

2. ਜਿੰਨਾ ਸਮੇਂ ਮਿਲੇ - ਯੋਗਬਲ ਜਮਾ ਕਰਨ ਦੇ ਲਈ ਰੂਹਾਨੀ ਡਰਿਲ ਦਾ ਅਭਿਆਸ ਕਰਨਾ ਹੈ। ਹੁਣ ਕੋਈ ਨਵੇਂ ਬੰਧਨ ਨਹੀਂ ਬਣਾਉਣੇ ਹਨ।

ਵਰਦਾਨ:- ਬਾਪ ਦੀ ਛਤਰਛਾਇਆ ਦੇ ਅਨੁਭਵ ਦ੍ਵਾਰਾ ਵਿਘਣ ਵਿਨਾਸ਼ਕ ਦੀ ਡਿਗਰੀ ਲੈਣ ਵਾਲੇ ਅਨੁਭਵੀ ਮੂਰਤ ਭਵ।

ਜਿੱਥੇ ਬਾਪ ਨਾਲ ਹੈ ਉੱਥੇ ਕੋਈ ਵੀ ਕੁਝ ਕਰ ਨਹੀਂ ਸਕਦਾ। ਇਹ ਸਾਥ ਦਾ ਅਨੁਭਵ ਹੀ ਛਤਰ ਛਾਇਆ ਬਣ ਜਾਂਦਾ ਹੈ। ਬਾਪਦਾਦਾ ਬੱਚਿਆਂ ਦੀ ਸਦਾ ਰੱਖਿਆ ਕਰਦੇ ਹੀ ਹਨ। ਪੇਪਰ ਆਉਂਦੇ ਹਨ ਤੁਹਾਨੂੰ ਲੋਕਾਂ ਨੂੰ ਅਨੁਭਵੀ ਬਣਾਉਣ ਦੇ ਲਈ ਇਸਲਈ ਸਦਾ ਸਮਝਣਾ ਚਾਹੀਦਾ ਹੈ ਕਿ ਇਹ ਪੇਪਰ ਕਲਾਸ ਅੱਗੇ ਵਧਾਉਣ ਦੇ ਲਈ ਆ ਰਹੇ ਹਨ। ਇਸ ਨਾਲ ਹੀ ਸਦਾ ਦੇ ਲਈ ਵਿਘਣ ਵਿਨਾਸ਼ਕ ਦੀ ਡਿਗਰੀ ਅਤੇ ਅਨੁਭਵੀ ਮੂਰਤ ਬਣਨ ਦਾ ਵਰਦਾਨ ਮਿਲ ਜਾਵੇਗਾ। ਜੇਕਰ ਹੁਣ ਕੋਈ ਥੋੜ੍ਹਾ ਸ਼ੋਰ ਕਰਦੇ ਜਾਂ ਵਿਘਣ ਪਾਉਂਦੇ ਵੀ ਹਨ ਤਾਂ ਹੌਲੀ - ਹੌਲੀ ਠੰਡੇ ਹੋ ਜਾਣਗੇ।

ਸਲੋਗਨ:- ਜੋ ਸਮੇਂ ਤੇ ਸਹਿਯੋਗੀ ਬਣਦੇ ਹਨ ਉਨ੍ਹਅਵਿਅਕਤਹਾਂ ਨੂੰ ਇੱਕ ਦਾ ਪਦਮ ਗੁਣਾਂ ਫਲ ਮਿਲ ਜਾਂਦਾ ਹੈ।

******

ਅਵਿਅਕਤ ਇਸ਼ਾਰੇ :- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਜਿਵੇਂ ਵੇਖਣਾ, ਸੁਣਨਾ, ਸੁਨਾਉਣਾ- ਇਹ ਵਿਸ਼ੇਸ਼ ਕਰਮ ਸਹਿਜ ਅਭਿਆਸ ਵਿਚ ਆ ਗਿਆ ਹੈ, ਇਵੇਂ ਹੀ ਕਰਮਾਤੀਤ ਬਣਨ ਦੀ ਸਟੇਜ ਮਤਲਬ ਕਰਮ ਨੂੰ ਸਮੇਟਣ ਦੀ ਸ਼ਕਤੀ ਨਾਲ ਅਕਰਮੀ ਮਤਲਬ ਕਰਮਾਤੀਤ ਬਣ ਜਾਵੋ। ਇਹ ਹੈ ਕਰਮ ਅਧੀਨ ਸਟੇਜ, ਦੂਜੀ ਹੈ ਕਰਮਾਤੀਤ ਮਤਲਬ ਕਰਮ ਅਧਿਕਾਰੀ ਸਟੇਜ। ਤਾਂ ਚੈਕ ਕਰੋ ਮੈਂ ਕਰਮਿੰਦਰੀਏ ਜਿੱਤ, ਸਵਰਾਜਧਾਰੀ ਰਾਜਾਵਾਂ ਦੀ ਰਾਜ ਕਾਰੋਬਾਰ ਠੀਕ ਚਲ ਰਹੀ ਹੈ?